ਵਿਸ਼ਾ:- ਜਿਲ੍ਹਾ ਲੁਧਿਆਣਾ, ਮੋਹਾਲੀ ਅਤੇ ਰੋਪੜ ਇੰਸਪੈਕਸ਼ਨ ਰਿਪੋਰਟ 28-5-2011

1. ਜਿਲ੍ਹਾ ਮੋਹਾਲੀ ,ਓ.ਪੀ.ਡੀ.ਮੋਨੀਟਰਿੰਗ

- ਕਈ ਡਾਕਟਰਾਂ ਦੇ ਨਾਮ ਗਲਤ ਲਿੱਖੇ ਹਨ ਅਤੇ ਅੱਧੇ ਤੋ ਜਿਆਦਾ ਡਾਕਟਰਾਂ ਦੇ ਟੈਲੀਫੋਨ ਨੰਬਰ ਗਲਤ ਹਨ। ਇਹਨਾਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਸਿਵਲ ਸਰਜਨ ਇਸ ਨੂੰ ਤੁਰੰਤ ਠੀਕ ਕਰਵਾਉਣ।(**ਸਿਵਲ ਸਰਜਨ ਮੋਹਾਲੀ**)।
- ਟੈਲੀਫੋਨ ਕਰਨ ਤੋਂ ਪਤਾ ਲਗਾ ਕਿ ਕਈ ਡਾਕਟਰ ਗੈਰ ਹਾਜਰ ਸਨ।ਡਾਕਟਰ ਗਰਗ, ਅਸੀਸਟੈਂਟ ਸਿਵਲ ਸਰਜਨ ਦੀ ਡਿਊਟੀ ਡਾਕਟਰਾਂ ਨੂੰ ਚੈਕ ਕਰਨ ਦੀ ਲਗਾਈ ਗਈ ਸੀ , ਪਰੰਤੂ ਪੰਜ ਦਿਨ ਹੋ ਗਏ ਹਨ , ਉਹਨਾਂ ਦੀ ਕੋਈ ਰਿਪੋਰਟ ਨਹੀਂ ਆਈ।
- ਸਿਵਲ ਸਰਜਨ ਮੋਹਾਲੀ ਬਿਨ੍ਹਾਂ ਮੰਨਜੂਰੀ ਤੋਂ ਗੈਰ ਹਾਜਰ ਸਨ। (**ਸਿਵਲ ਸਰਜਨ ਮੋਹਾਲੀ**)।

2 . ਜਿਲ੍ਹਾ ਰੋਪੜ, ਕਮਿਊਨਿਟੀ ਹੈਲਥ ਸੈਂਟਰ ਮੋਰਿੰਡਾ

- ਇਥੇ ਲੋੜੀਂਦੇ ਸਟਾਫ ਦੀ ਬਹੁਤ ਘਾਟ ਹੈ। ਇਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ।
- ਡਾਕਟਰ ਭਾਟੀਆ ਡੇਢ ਘੰਟੇ ਲੇਟ ਪਹੁੰਚੇ।
- ਵਾਟਰ ਕੂਲਰ ਦਾ ਕੋਈ ਇੰਤਜਾਮ ਨਹੀਂ ਸੀ।
- ਲੇਬਰ ਰੂਮ ਵਿੱਚ ਟੇਬਲ ਨਹੀਂ ਲੱਗੇ ਹੋਏ ਸਨ।
- ਬੇਬੀ ਵਾਰਮਰ - ਇਹ ਵੀ ਲੋਕਲ ਕੰਪਨੀ ਦੇ ਲੱਗੇ ਹੋਏ ਸਨ। ਇਹਨਾਂ ਦੀ ਕਿਸ ਤਰ੍ਹਾਂ procurement ਕੀਤੀ ਗਈ ਹੈ ? ਸਾਡੀ ਕੋਸਿਸ ਹੋਣੀ ਚਾਹੀਦੀ ਹੈ ਕਿ ਅੱਛੀ ਕੰਪਨੀ ਦੇ ਬੇਬੀ ਵਾਰਮਰ ਲਗਾਏ ਜਾਣ।

  **(ਐਮ.ਡੀ./ਪੀ.ਐਚ.ਐਸ.ਸੀ)**।

3 . ਪੀ.ਐਚ.ਸੀ ਸੰਘੋਲ, ਜਿਲ੍ਹਾ ਫਤਿਹਗੜ੍ਹ ਸਾਹਿਬ

- ਡਿਲੀਵਰੀ ਕਿੱਟਸ ਪਹੁੰਚ ਗਏ ਹਨ।
- ਵਾਟਰ ਕੂਲਰ ਦਾ ਇੰਤਜਾਮ ਨਹੀਂ ਸੀ।

- ਲੇਡੀ ਡਾਕਟਰ ਨੇ ਦੱਸਿਆ ਕਿ ਉਹ ਪਿਛਲੇ ਛੇ ਮਹੀਨੇ ਤੋਂ ਫਿਟਲ ਡਾਪਲਰ ਦੀ ਡਿਮਾਂਡ ਕਰ ਰਹੇ ਹਨ।ਪਰੰਤੂ ਉਹ ਪ੍ਰਾਪਤ ਨਹੀਂ ਹੋਏ।
- ਐਮ.ਡੀ./ਐਨ.ਆਰ.ਐਚ.ਐਮ ਕੋਸ਼ਿਸ ਕਰਨ ਕਿ ਅਨਟਾਈਡ ਫੰਡਾਂ ਦੀ ਵਰਤੋਂ, ਲੇਬਰ ਰੂਮ ਜਾਂ ਲੇਬਰ ਰੂਮ ਦੇ ਸਮਾਨ ਦੀ ਖਰੀਦ ਵਾਸਤੇ ਹੋਣੀ ਚਾਹੀਦੀ ਹੈ। **(ਐਮ.ਡੀ./ਐਨ.ਆਰ.ਐਚ.ਐਮ)।**
- ਸਟੈਂਡਰਡ ਮੈਡੀਸ਼ਨ ਲਿਸਟ ਬਣਾਕੇ ਡਿਸਪਲੇਅ ਕਰਵਾਈ ਜਾਵੇ।

  **(ਐਮ.ਡੀ./ਪੀ.ਐਚ.ਐਸ.ਸੀ)**

4. <u>ਸਿਵਲ ਹਸਪਤਾਲ ਸਮਰਾਲਾ</u>

- ਲੇਬਰ ਟੇਬਲ ਬਹੁਤ ਪੁਰਾਣੇ ਸਨ ਤੇ ਠੀਕ ਹਾਲਤ ਵਿੱਚ ਨਹੀਂ ਸਨ।ਨਵੇਂ ਲੇਬਰ ਟੇਬਲ ਮੰਗਵਾਏ ਜਾਣ।
- ਬੇਬੀ ਵਾਰਮਰ ਦਾ ਇੰਤਜਾਮ ਨਹੀਂ ਸੀ।
- ਐਮਬੂਲੈਂਸ condemn ਨਹੀਂ ਕੀਤੇ ਗਏ ।
- ਇਲਨੈਂਸ ਫੰਡ ਬਾਰੇ ਕੋਈ ਐਡਵਰਟਾਈਜਮੈਂਟ ਨਹੀਂ ਕੀਤੀ ਗਈ।
- ਬਹੁਤ ਮਾਤਰਾ ਵਿੱਚ ਦਵਾਈਆਂ ਆਦਿ ਨਹੀਂ ਸਨ।

ਬੇਨਤੀ ਹੈ ਕਿ ਸਿਵਲ ਸਰਜਨ ਸਟੈਂਡਰਡ ਮੈਡੀਸ਼ਨ ਲਿਸਟ ਬਣਾਉਣ ਅਤੇ ਦਵਾਈਆਂ ਹਰ ਸਾਲ ਉਚਿਤ ਮਾਤਰਾ ਵਿੱਚ ਉਪਲਬੱਧ ਕਰਵਾਉਣ। **(ਐਮ.ਡੀ./ਪੀ.ਐਚ.ਐਸ.ਸੀ)**

5. <u>ਸਬ ਸੈਂਟਰ ਗੇਹਲੇਵਾਲ</u>

- ਸ਼੍ਰੀਮਤੀ ਤਰਸ਼ੇਮ ਕੌਰ ਨੇ ਸਬ ਸੈਂਟਰ ਬਹੁਤ ਅੱਛਾ ਮੈਨਟੇਨ ਕੀਤਾ ਹੋਇਆ ਹੈ ਅਤੇ ਬਹੁਤ ਅੱਛਾ ਕੰਮ ਸੀ।
- ਕਿੱਟ 'A' ਅਤੇ ਕਿੱਟ 'B' ਖਤਮ ਹੋ ਚੁੱਕੇ ਹਨ।
- ਹਰ ਇੱਕ ਸਬ ਸੈਂਟਰ ਅਤੇ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਗੁਲਕੂਮੀਟਰ ਦਾ ਇੰਤਜਾਮ ਹੋਣਾ ਚਾਹੀਦਾ ਹੈ। ਐਮ.ਡੀ./ਐਨ.ਆਰ.ਐਚ.ਐਮ ਇਸ ਬਾਰੇ ਉਚਿਤ ਕਾਰਵਾਈ ਕਰਨ। **(ਐਮ.ਡੀ./ਐਨ.ਆਰ.ਐਚ.ਐਮ)।**

6. <u>ਰਾਸ਼ਟਰੀਯ ਸਵਾਸਯ ਬੀਮਾਂ ਯੋਜਨਾਂ</u>

- ਪਿੰਡ ਬੋਹਲਪੁਰ - ਕੁੱਲ 146 ਬੀ.ਪੀ.ਐਲ.ਪਰਿਵਾਰਾਂ ਨੂੰ ਕੋਨਟੈਕਟ ਕਰਨ ਦੀ ਕੋਸ਼ਿਸ ਕੀਤੀ ਗਈ। 70 ਪਰਿਵਾਰਾਂ ਨੂੰ ਕੋਨਟੈਕਟ ਕੀਤਾ ਜਾ ਸਕਿਆ ਅਤੇ 76 ਪਰਿਵਾਰਾਂ ਨਾਲ ਕੋਨਟੈਕਟ ਨਹੀਂ ਹੋ ਸਕਿਆ। ਆਰ.ਐਸ.ਬੀ.ਵਾਈ ਦੀ ਹਾਲਤ ਬਹੁਤ ਮਾੜੀ ਹੈ। ਸਰਪੰਚ ਤੇ ਪੰਚ ਕੋਈ ਵੀ ਉਥੇ ਮੌਜੂਦ ਨਹੀਂ ਸਨ।
- ਪਿੰਡ ਘੱਗੇਵਾਲਾ - 116 ਬੀ਼ ਪੀ.ਐਲ.ਪਰਿਵਾਰ ਸਨ ਅਤੇ 100 ਪਰਿਵਾਰਾਂ ਨੂੰ ਹੀ ਕੋਨਟੈਕਟ ਕੀਤਾ ਜਾ ਸਕਿਆ। ਉਹਨਾਂ ਦੀ ਪਰੋਫੋਰਮੈਂਸ ਠੀਕ ਰਹੀ।
- ਹੇਬੋਵਾਲ- 128 ਬੀ.ਪੀ.ਐਲ ਪਰਿਵਾਰ ਹਨ। ਇਹਨਾਂ ਸਭ ਨਾਲ ਕੋਨਟੈਕਟ ਕੀਤਾ ਜਾ ਸਕਿਆ। ਸਰਪੰਚ ਉਥੇ ਮੌਜੂਦ ਸਨ ਅਤੇ ਉਹ ਪੂਰੇ ਇੰਨਟਰਸਟ ਨਾਲ ਕੰਮ ਕਰ ਰਹੇ ਸਨ।

<u>ਆਰ.ਐਸ.ਬੀ.ਵਾਈ ਨੂੰ ਠੀਕ ਕਰਨ ਲਈ ਸੁਝਾਓ</u>

1. ਜਿਲ੍ਹਾ ਪ੍ਰਸ਼ਾਸਕ ਖਾਸ ਕਰਕੇ ਡੀ.ਸੀ.ਨੂੰ ਇਸ ਵਿੱਚ ਚੰਗੀ ਤਰ੍ਹਾਂ ਇਨਵੋਲਵ ਕਰਨਾ ਚਾਹੀਦਾ ਹੈ ਜੋ ਕਿ ਸਾਡੇ ਵੱਲੋਂ ਨਹੀਂ ਕੀਤਾ ਗਿਆ।
2. ਸਰਪੰਚ ਅਤੇ ਪੰਚਾਂ ਦਾ ਸਹਿਯੋਗ ਬਹੁਤ ਜਰੂਰੀ ਹੈ। ਕਿਉਂਕਿ ਉਹ ਹੀ ਬੀ ਪੀ.ਐਲ ਪਰਿਵਾਰਾਂ ਨੂੰ ਚੰਗੀ ਤਰ੍ਹਾਂ ਕੋਨਟੈਕਟ ਕਰ ਸਕਦੇ ਹਨ।
3. ਬੀ.ਪੀ.ਐਲ.ਪਰਿਵਾਰਾਂ ਦੀ ਲਿਸਟ ਲੈ ਕੇ ਆਸ਼ਾ ਵਰਕਰ ਨੂੰ ਉਹਨਾਂ ਨੂੰ ਦੋ -ਤਿੰਨ ਬਾਰ ਕੋਨਟੈਕਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂਕਿ ਕਾਰਡ ਬਣਾਉਣ ਦਾ ਕੰਮ ਇੱਕ ਹਫਤੇ ਵਿੱਚ ਸੁਰੂ ਹੋ ਜਾਵੇ।

ਆਰ ਐਸ ਬੀ ਵਾਈ ਦੀ ਕਾਰਡ ਬਣਾਉਣ ਦੀ ਕੋਈ ਪਬਲੀਸਿਟੀ ਨਹੀਂ ਕੀਤੀ ਜਾਂਦੀ। ਸੁਝਾਓ ਹੈ ਕਿ ਪਿੰਡ ਵਿੱਚ ਅਤੇ ਪੂਰੇ ਜ਼ਿਲ੍ਹੇ ਵਿੱਚ ਲੋਕਲ ਅਖਬਾਰਾਂ, ਕੇਬਲ ਟੀ.ਵੀ.ਅਤੇ ਹੋਰ ਮੀਡੀਏ ਰਾਹੀਂ ਚੰਗੀ ਤਰ੍ਹਾਂ ਪਬਲੀਸਿਟੀ ਕਰਵਾਉਣੀ ਚਾਹੀਦੀ ਹੈ।

ਆਰ ਐਸ ਬੀ ਵਾਈ ਦੀ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ ਕਿ ਇਹ ਕੀ ਸਕੀਮ ਹੈ। ਇਸ ਲਈ ਸਟੇਟ ਪੱਧਰ ਤੇ ਇਸ ਦੀ ਐਡਵਰਟਾਈਜਮੈਂਟ ਹੋਣੀ ਚਾਹੀਦੀ ਹੈ। ਰੇਡੀਓ ਅਤੇ ਟੈਲੀਵਿਜ਼ਨ ਨੂੰ ਵੀ ਇਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਆਰ

ਐਸ ਬੀ ਵਾਈ ਦੇ ਹਰੇਕ ਹਸਪਤਾਲ ਵਿੱਚ ਪੋਸਟਰ ਚਿਪਕਾ ਕੇ ਹੋਰ ਪਬਲੀਸਿਟੀ ਕਰਨੀ ਚਾਹੀਦੀ ਹੈ। ਹਸਪਤਾਲਾਂ ਵਿੱਚ ਕਪੜੇ ਦੇ ਬੈਨਰ ਜਿਥੇ ਕਾਰਡ ਰੀਡਰ ਦੀ ਮਸੀਨ ਲੱਗੀ ਹੈ ਉਥੇ ਲਗਾਏ ਜਾ ਸਕਦੇ ਹਨ। ਆਸ਼ਾ ਵਰਕਰ ਨੂੰ ਇਸ ਸਾਲ 2010-11 ਵਿੱਚ 10 ਰੁਪਏ ਦਾ ਪਰੋਮਿਸ ਕੀਤਾ ਸੀ, ਨਹੀਂ ਦਿੱਤਾ ਗਿਆ। ਇਸ ਦੇ ਕਾਰਨ ਦੱਸੇ ਜਾਣ।ਆਸ਼ਾ ਵਰਕਰ ਨੂੰ ਇਸ ਸਾਲ 20/-ਰੁਪਏ ਅਨਾਉਂਸ ਕੀਤਾ ਗਿਆ ਹੈ। ਐਮ.ਡੀ .ਪੀ.ਐਚ.ਸੀ.ਇਹ ਪੈਸਾ ਉਹਨਾਂ ਨੂੰ ਸਹੀ ਸਮੇਂ ਤੇ ਦੇਣ। ਏ.ਐਨ.ਐਮ ਨੂੰ ਵੀ ਪੂਰਾ ਦਿਨ ਕੰਮ ਕਰਨਾ ਪੈਂਦਾ ਹੈ।ਉਹਨਾਂ ਨੂੰ ਵੀ ਕੋਈ ਅਲਾਊਂਸ ਦਿੱਤਾ ਜਾਣਾ ਚਾਹੀਦਾ ਹੈ। **(ਐਮ.ਡੀ.ਪੀ.ਐਚ.ਸੀ)।**

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
2/6/2011

1 ਐਮ.ਡੀ ਪੀ.ਐਚ.ਐਸ.ਸੀ
2 ਐਮ.ਡੀ.ਐਨ.ਆਰ.ਐਚ.ਐਮ
3 ਸਿਵਲ ਸਰਜਨ ਮੋਹਾਲੀ।